# ਮੀਡੀਆ ਰੀਲੀਜ਼

25 ਮਈ, 2023

2024 ਬਜਟ ਕੰਸਲਟੇਸ਼ਨ ਹੁਣ ਖੁੱਲ੍ਹਾ ਹੈ

ਵਿਕਟੋਰੀਆ - ਸਿਲੈਕਟ ਸਟੈਂਡਿੰਗ ਕਮੇਟੀ ਔਨ ਫਾਇਨੈਂਸ ਐਂਡ ਗਵਰਨਮੈਂਟ ਸਰਵਿਸਿਜ਼ ਦੇ ਬਜਟ 2024 'ਤੇ ਸਲਾਹ-ਮਸ਼ਵਰੇ ਹੁਣ ਖੁੱਲੇ ਹਨ।

ਬ੍ਰਿਟਿਸ਼ ਕੋਲੰਬੀਆ ਵਾਸੀਆਂ ਨੂੰ ਸ਼ੁੱਕਰਵਾਰ, 16 ਜੂਨ, 2023 ਨੂੰ ਦੁਪਹਿਰ 2 ਵਜੇ (ਪੈਸਿਫ਼ਿਕ ਸਮਾਂ) ਤੱਕ ਲਿਖਤੀ ਇਨਪੁਟ ਪ੍ਰਦਾਨ ਕਰਕੇ ਅਗਲੇ ਸੂਬਾਈ ਬਜਟ ਲਈ ਆਪਣੀਆਂ ਤਰਜੀਹਾਂ ਸਾਂਝੀਆਂ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ। ਸੋਮਵਾਰ, 29 ਮਈ ਨੂੰ ਵਿੱਤ ਮੰਤਰੀ ਦੁਆਰਾ *ਬਜਟ 2024 ਕੰਸਲਟੇਸ਼ਨ ਪੇਪਰ* ਦੀ ਪੇਸ਼ਕਾਰੀ ਦੇ ਨਾਲ ਜਨਤਕ ਸੁਣਵਾਈਆਂ ਵੀ ਆਯੋਜਿਤ ਕੀਤੀਆਂ ਜਾ ਰਹੀਆਂ ਹਨ।

ਹਿੱਸਾ ਲੈਣ ਲਈ ਅਤੇ ਸਲਾਹ-ਮਸ਼ਵਰੇ ਬਾਰੇ ਵੇਰਵਿਆਂ ਲਈ, ਕਮੇਟੀ ਦੀ ਵੈੱਬਸਾਈਟ https://bcleg.ca/FGSbudget 'ਤੇ ਜਾਓ ਜਾਂ FinanceCommittee@leg.bc.ca 'ਤੇ ਈਮੇਲ ਰਾਹੀਂ ਜਾਂ 250-356-2933 ਜਾਂ 1-877-428- 8337 (BC ਵਿੱਚ ਟੋਲ-ਫ੍ਰੀ) 'ਤੇ ਫ਼ੋਨ ਕਰਕੇ ਸੰਸਦੀ ਕਮੇਟੀਆਂ ਦੇ ਦਫ਼ਤਰ ਨਾਲ ਸੰਪਰਕ ਕਰੋ।

ਕਮੇਟੀ ਪ੍ਰਾਪਤ ਹੋਏ ਸਾਰੇ ਇੰਪੁੱਟ 'ਤੇ ਧਿਆਨ ਨਾਲ ਵਿਚਾਰ ਕਰੇਗੀ ਅਤੇ ਅਗਸਤ ਵਿਚ ਅਗਲੇ ਬਜਟ ਲਈ ਲੈਜਿਸਲੇਟਿਵ ਅਸੈਂਬਲੀ ਨੂੰ ਸਿਫ਼ਾਰਸ਼ਾਂ ਦੇ ਨਾਲ ਆਪਣੀ ਰਿਪੋਰਟ ਜਾਰੀ ਕਰਨ ਦਾ ਇਰਾਦਾ ਰੱਖਦੀ ਹੈ।

ਲੈਜਿਸਲੇਟਿਵ ਅਸੈਂਬਲੀ ਤਰਫੋਂ ਕੰਮ ਕਰਨ ਲਈ ਸਥਾਪਿਤ ਦਸ ਸਥਾਈ ਸੰਸਦੀ ਕਮੇਟੀਆਂ ਵਿੱਚੋਂ ਸਿਲੈਕਟ ਸਟੈਂਡਿੰਗ ਕਮੇਟੀ ਔਨ ਫਾਇਨੈਂਸ ਐਂਡ ਗਵਰਨਮੈਂਟ ਸਰਵਿਸਿਜ਼ ਇੱਕ ਹੈ। ਕਮੇਟੀ ਅਗਲੇ ਸੂਬਾਈ ਬਜਟ ਲਈ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਦੇ ਵਿਚਾਰਾਂ ਅਤੇ ਤਰਜੀਹਾਂ ਬਾਰੇ ਸੁਣਨ ਲਈ ਸਾਲਾਨਾ ਜਨਤਕ ਸਲਾਹ-ਮਸ਼ਵਰਾ ਕਰਦੀ ਹੈ।

ਇਸ ਕਮੇਟੀ ਦੇ ਮੈਂਬਰ ਹਨ:
ਮਾਈਕ ਸਟਾਰਚੁਕ, MLA, ਸਰੀ-ਕਲੋਵਰਡੇਲ (ਚੇਅਰ);
ਟੌਮ ਸ਼ਿਪਿਟਕਾ, MLA, ਕੂਟੇਨੇ ਈਸਟ (ਡਿਪਟੀ ਚੇਅਰ);
ਬਰੂਸ ਬੈਨਮੈਨ, MLA, ਐਬਟਸਫੋਰਡ ਸਾਊਥ
ਸੂਜ਼ੀ ਚੈਂਟ, MLA, ਉੱਤਰੀ ਵੈਨਕੂਵਰ-ਸੀਮੌਰ;
ਜਾਰਜ ਚਾਊ, MLA, ਵੈਨਕੂਵਰ-ਫ੍ਰੇਜ਼ਰਵਿਊ;
ਰੋਨਾ-ਰੇਅ ਲਿਓਨਾਰਡ, MLA, ਕੋਰਟਨੇ-ਕਾਮੌਕਸ;
ਬੈਨ ਸਟੂਅਰਟ, MLA, ਕੇਲੋਨਾ ਵੈਸਟ;
ਐਡਮ ਵਾਕਰ, MLA, ਪਾਰਕਸਵਿਲ-ਕੁਆਲਿਕਮ; ਅਤੇ
ਹੈਨਰੀ ਯਾਓ, MLA, ਰਿਚਮੰਡ ਸਾਊਥ ਸੈਂਟਰ

ਹੋਰ ਜਾਣਕਾਰੀ ਲਈ:
Karan Riarh (ਕਰਨ ਰਿਆੜ)
Committee Clerk
Room 224
Parliament Buildings Victoria BC
V8V 1X4
FinanceCommittee@leg.bc.ca